# ਟ੍ਰਾਇਲ ਵਿਭਾਗ ਵਿੱਚ ਸਵੈ-ਪੇਸ਼ਕਰਨ ਵਾਲੇ ਮੁੱਕਦਮੇਬਾਜ਼ਾਂ ਦੇ ਅਧਿਕਾਰ

1. ਜੇ ਤੁਸੀਂ ਖੁੱਦ ਦੀ ਪੇਸ਼ਕਾਰੀ ਕਰ ਰਹੇ ਹੋ, ਤੁਹਾਨੂੰ ਸਮਾਨ ਨਿਯਮ ਅਤੇ ਵਿਧੀਆਂ ਦੀ ਪਾਲਣਾ ਕਰਨੀ ਲਜ਼ਮੀ ਹੈ ਜੋ ਲਾਇਸੈਂਸਸ਼ੁਦਾ ਵਕੀਲ ਅਤੇ ਅਨੁਭਵੀ ਪ੍ਰਤੀਨਿਧੀ ਪਾਲਣ ਕਰਦੇ ਹਨ। ਤੁਸੀਂ OATH ਦੇ ਅਭਿਆਸ ਦੇ ਨਿਯਮਾਂ ਨਾਲ ਇੱਥੇ ਆਨਲਾਈਨ ਪੜ੍ਹ ਕੇ ਜਾਣੂ ਹੋ ਸਕਦੇ ਹੋ https://www1.nyc.gov/site/oath/trials/rules-of-practice.page

2. ਤੁਹਾਡੇ ਕੋਲ ਵਕੀਲਾਂ ਵਾਲੇ ਲੋਕਾਂ ਦੇ ਸਮਾਨ ਅਧਿਕਾਰ ਹਨ। ਹਰੇਕ ਧਿਰ ਕੋਲ ਟ੍ਰਾਇਲ ਦੀ ਸ਼ੁਰੂਆਤ ਵੇਲੇ ਸ਼ੁਰੂਆਤੀ ਬਿਆਨ ਦੇਣ ਦਾ ਅਧਿਕਾਰ ਹੈ। ਤੁਸੀਂ ਰਿਕਾਰਡ ਦੇ ਬੰਦ ਹੋਣ ਤੋਂ ਪਹਿਲਾਂ ਟ੍ਰਾਇਲ ਦੇ ਅੰਤ ਵਿੱਚ ਅੰਤਿਮ ਬਿਆਨ ਵੀ ਦੇ ਸਕਦੇ ਹੋ। ਜੇ ਟ੍ਰਾਇਲ ਜੱਜ ਆਗਿਆ ਦੇਵੇ, ਤੁਸੀਂ ਟ੍ਰਾਇਲ ਦੇ ਬੰਦ ਹੋਣ ਤੋਂ ਬਾਇਦ ਲਿਖਤੀ ਜੋੜ ਵੀ ਜਮ੍ਹਾਂ ਕਰਨ ਦੇ ਯੋਗ ਹੋਵੋਗੇ। ਜੱਜ ਤੁਹਾਨੂੰ ਇਹ ਬਿਆਨ ਜਮ੍ਹਾਂ ਕਰਨ ਲਈ ਸਮੇਂ ਦੀ ਮਿਆਦ ਦੇਵੇਗਾ, ਜੇ ਆਗਿਆ ਦਿੱਤੀ ਜਾਂਦੀ ਹੈ।

3. ਤੁਹਾਡੇ ਕੋਲ ਗਵਾਹ ਬੁਲਾਉਣ ਦਾ ਅਧਿਕਾਰ ਹੈ। ਜੇ ਗਵਾਹ ਕਾਰਵਾਈ ਵਿੱਚ ਹਾਜ਼ਿਰ ਹੋਣ ਤੋਂ ਇੱਛੁਕ ਨਹੀਂ ਹੈ, ਤੁਸੀਂ ਪ੍ਰਸ਼ਾਸਨਿਕ ਕਾਨੂੰਨ ਜੱਜ ਨੂੰ ਸੰਮਨ ਅਤੇ ਟੈਸਟੀਫੀਕੈਂਡਮ ਦਸਤਖਤ ਕਰਨ, ਜਾਂ ਤਸਦੀਕ ਕਰਨ ਲਈ ਸੰਮਨ ਕਰਨ ਦੀ ਬੇਨਤੀ ਕਰ ਸਕਦੇ ਹੋ, ਜਿਸ ਵਿੱਚ ਤੁਹਾਡੇ ਟ੍ਰਾਇਲ ਵਿੱਚ ਗਵਾਹੀ ਦੇਣ ਲਈ ਵਿਅਕਤੀ ਦੀ ਹਾਜ਼ਰੀ ਲਾਜ਼ਮੀ ਕੀਤੀ ਜਾਂਦੀ ਹੈ। ਸੰਮਮ ਫਾਰਮ OATH ਵੈੱਬਸਾਈਟ ਉੱਤੇ ਮੌਜੂਦ ਹਨ, ਇੱਥੇ https://www1.nyc.gov/site/oath/trials/trial-related-forms.page ("ਤਸਦੀਕ ਕਰਨ ਲਈ ਸੰਮਨ" ਉੱਤੇ ਜਾਓ)। ਜਦੋਂ ਸੰਮਨ ਜੱਜ ਦੁਆਰਾ ਦਸਤਖਤ ਕੀਤਾ ਜਾਂਦਾ ਹੈ, ਤੁਸੀਂ ਇਸ ਲਈ ਜ਼ਿੰਮੇਵਾਰ ਹੋ ਸੰਮਨ ਦੀ ਸਰਵਿਸ ਉਸ ਵਿਅਕਤੀ ਨੂੰ ਕਰਨੀ ਜਿਸ ਦੁਆਰਾ ਇਹ ਪ੍ਰਾਪਤ ਕੀਤਾ ਜਾਣਾ ਹੈ।




4. ਤੁਹਾਡੇ ਕੋਲ ਪ੍ਰਸ਼ਾਸਨਿਕ ਕਾਨੂੰਨ ਜੱਜ ਨੂੰ ਵਿਅਕਤੀ ਦੀ ਹਾਜ਼ਰੀ ਲਈ ਸੰਮਨ (subpoena duces tecum), ਜਾਂ ਦਸਤਾਵੇਜ਼ਾਂ ਲਈ ਸੰਮਨ, ਜਾਂ ਹੋਰ ਧਿਰ ਜਾਂ ਤੀਸਰੀ-ਧਿਰ ਲਈ ਜਾਰੀ ਕਰਨ ਲਈ ਦਸਤਖਤ ਕਰਨ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਜਦੋਂ ਪ੍ਰਸ਼ਾਸਨਿਕ ਕਾਨੂੰਨ ਜੱਜ ਦੁਆਰਾ ਦਸਤਖਤ ਕੀਤਾ ਜਾਂਦਾ ਹੈ, ਇਹ ਧਿਰ ਨੂੰ ਦਸਤਾਵੇਜ਼ ਜਾਂ ਹੋਰ ਚੀਜ਼ਾਂ ਟ੍ਰਾਇਲ ਉੱਤੇ ਜਾਂ ਪਹਿਲਾਂ ਪੇਸ਼ ਕਰਨ ਲਈ ਲੋੜੀਂਦਾ ਕਰਦਾ ਹੈ। ਜੱਜ ਦੁਆਰਾ ਸੰਮਨ ਉੱਤੇ ਦਸਤਖਤ ਕਰਨ ਤੋਂ ਬਾਅਦ, ਤੁਸੀਂ ਉਸ ਵਿਅਕਤੀ ਦੁਆਰਾ ਇਸਦੀ ਸਰਵਿਸ ਕਰਨ ਲਈ ਜ਼ਿੰਮੇਵਾਰ ਹੋ ਜਿਸ ਤੋਂ ਤੁਸੀਂ ਸਮੱਗਰੀਆਂ ਦੀ ਮੰਗ ਕਰ ਰਹੇ ਹੋ। ਇਹ ਫਾਰਮ OATH ਦੀ ਵੈੱਬਸਾਈਟ ਉੱਤੇ ਵੀ ਉਪਲਬਧ ਹੈ, ਇੱਥੇ https://www1.nyc.gov/site/oath/trials/trial-related-forms.page ("ਦਸਤਾਵੇਜ਼ ਪ੍ਰਦਾਨ ਕਰਨ ਲਈ ਸੰਮਨ" ਉੱਤੇ ਜਾਓ)।

5 ਟ੍ਰਾਇਲ ਦੌਰਾਨ, ਤੁਸੀਂ ਆਪਣੇ ਗਵਾਹਾਂ ਦੀ ਸਿੱਧੀ ਜਾਂਚ ਕਰ ਸਕਦੇ ਹੋ, ਪਰ ਤੁਸੀਂ ਸਿਰਫ ਉਹ ਪ੍ਰਸ਼ਨ ਪੁੱਛ ਸਕਦੇ ਹੋ ਜੋ ਕੇਸ ਦੇ ਦਾਅਵਿਆਂ ਅਤੇ ਬਚਾਅ ਨਾਲ ਸਬੰਧਿਤ ਹੋਣ। ਹਰੇਕ ਧਿਰ ਨੂੰ ਕਿਸੇ ਵੀ ਗਵਾਹ ਤੋਂ ਪ੍ਰਸ਼ਨ ਪੁੱਛਣ ਅਤੇ ਕ੍ਰਾਸ-ਜਾਂਚ ਕਰਨ ਦਾ ਮੌਕਾ ਦਿੱਤਾ ਜਾਵੇਗਾ। ਤੁਹਾਡੇ ਕੋਲ ਪ੍ਰਸ਼ਨਾਂ ਪ੍ਰਤੀ ਇਤਰਾਜ਼ ਜਤਾਉਣ ਦਾ ਅਧਿਕਾਰ ਹੈ ਜੋ ਦੂਸਰੀ ਧਿਰ ਦੁਆਰਾ ਗਵਾਹ ਤੋਂ ਪੁੱਛਿਆ ਜਾਂਦਾ ਹੈ। ਤੁਸੀਂ ਦੂਸਰੀ ਧਿਰ ਦੁਆਰਾ ਖਾਸ ਦਸਤਾਵੇਜ਼ ਜਾਂ ਹੋਰ ਸਮੱਗਰੀ ਦੀ ਵਰਤੋਂ ਉੱਤੇ ਵੀ ਇਤਰਾਜ਼ ਜਤਾ ਸਕਦੇ ਹੋ। ਜੇ ਇਤਰਾਜ਼ ਜਤਾਇਆ ਜਾਂਦਾ ਹੈ, ਜੱਜ ਨਿਰਣਾ ਲਵੇਗਾ ਕਿ ਕੌਣ ਸਹੀ ਹੈ ਅਤੇ ਕਿਸ ਨੂੰ ਰਿਕਾਰਡ ਵਿੱਚ ਸਵੀਕਾਰ ਕੀਤਾ ਜਾਵੇਗਾ।

6 ਤੁਸੀਂ ਆਪਣੀ ਤਰਫੋਂ ਤਸਦੀਕ ਕਰਨਾ ਵੀ ਚੁਣ ਸਕਦੇ ਹੋ। ਤੁਹਾਨੂੰ ਬਾਕੀ ਤਸਦੀਕ ਕਰਦੇ ਗਵਾਹਾਂ ਵਾਂਗ ਲਿਆ ਜਾਵੇਗਾ ਇਸ ਤੋਂ ਇਲਾਵਾ ਕਿ ਤੁਹਾਨੂੰ ਬਿਰਤਾਂਤ ਰੂਪ ਵਿੱਚ ਬੋਲਣ ਦੀ ਆਗਿਆ ਹੋਵੇਗੀ। ਇਸਦਾ ਮਤਲਬ ਕਿ ਤੁਸੀਂ ਆਪਣੇ ਪੱਖ ਦੀ ਕਹਾਣੀ ਦੱਸ ਸਕਦੇ ਹੋ। ਦੂਸਰੀ ਧਿਰ ਲਈ ਵਕੀਲਾਂ ਨੂੰ ਤੁਹਾਨੂੰ ਪ੍ਰਸ਼ਨ ਪੁੱਛਣ ਦਾ ਮੌਕਾ ਦਿੱਤਾ ਜਾਵੇਗਾ, ਜਿਵੇਂ ਟ੍ਰਾਇਲ ਜੱਜ ਨੂੰ ਦਿੱਤਾ ਜਾਵੇਗਾ। ਤੁਸੀਂ ਆਪਣੀ ਗਵਾਹੀ ਦੇ ਸਮਰਥਨ ਵਿੱਚ ਨੋਟਸ ਜਾਂ ਆਉਟਲਾਈਨ ਲਿਆ ਸਕਦੇ ਹੋ।

7 ਸੰਵਿਧਾਨ ਦੀ ਪੰਜਵੀਂ ਸੋਧ ਅਧੀਨ ਤੁਹਾਡੇ ਕੋਲ ਅਧਿਕਾਰ ਹੈ ਕਿ ਗਵਾਹੀ ਨਾ ਦਿਓ ਜੇ ਤੁਹਾਡੀ ਗਵਾਹੀ ਇਹ ਪੇਸ਼ ਕਰੇ ਕਿ ਤੁਸੀਂ ਅਪਰਾਧ ਦੇ ਦੋਸ਼ੀ ਹੋ। ਪਰ ਜੇ ਤੁਸੀਂ OATH ਉੱਤੇ ਗਵਾਹੀ ਨਾ ਦੇਣਾ ਚੁਣਦੇ ਹੋ, OATH ਜੱਜ ਇਹ ਪਤਾ ਕਰ ਸਕਦਾ ਹੈ ਕਿ ਤੁਹਾਡੀ ਚੁੱਪੀ ਦਾ ਮਤਲਬ ਹੈ ਕਿ ਤੁਹਾਡੀ ਗਵਾਹੀ ਤੁਹਾਡੇ ਪੱਖ ਵਿੱਚ ਨਹੀਂ ਹੋਵੇਗੀ।

8 ਤੁਹਾਡੇ ਕੋਲ ਜੱਜ ਅੱਗੇ ਬੇਨਤੀ ਕਰਨ ਦਾ ਅਧਿਕਾਰ ਵੀ ਹੈ ਕਿ ਕੀ ਤੁਸੀਂ ਦਸਤਾਵੇਜ਼ ਜਾਂ ਹੋਰ ਦਸਤਾਵੇਜ਼ੀ ਸਬੂਤ ਰਿਕਾਰਡ ਵਿੱਚ ਪੇਸ਼ ਕਰ ਸਕਦੇ ਹੋ। ਜੇ ਤੁਸੀਂ ਨੱਥੀ ਪੇਸ਼ ਕਰਨਾ ਚਾਹੁੰਦੇ ਹੋ, ਤੁਹਾਡੇ ਦੁਆਰਾ ਦੂਸਰੀਆਂ ਧਿਰਾਂ ਲਈ ਕਿਸੇ ਵੀ ਨੱਥੀ ਦੀਆਂ ਕਾਪੀਆਂ ਲਿਆਉਣਾ ਲਾਜ਼ਮੀ ਹੈ। ਯਕੀਨੀ ਬਣਾਓ ਕਿ ਇੱਕ ਕਾਪੀ ਸਬੂਤ ਵਿੱਚ ਪੇਸ਼ ਕਰਨ ਲਈ ਹੋਵੇ, ਅਤੇ ਇੱਕ ਕਾਪੀ ਗਵਾਹ ਲਈ ਹੋਵੇ। ਤੁਹਾਨੂੰ ਆਪਣੇ ਲਈ ਵੀ ਇੱਕ ਕਾਪੀ ਲਿਆਉਣੀ ਚਾਹੀਦੀ ਹੈ। ਜੇ ਤੁਸੀਂ ਵੀਡਿਓ ਦੁਆਰਾ ਪੇਸ਼ ਹੋ ਰਹੇ ਹੋ, ਕਿਰਪਾ ਕਰਕੇ ਯਕੀਨੀ ਬਣਾਓ ਕਿ ਇਲੈਕਟ੍ਰਾਨਿਕ ਫਾਰਮੈ ਵਿੱਚ ਸਬੂਤ ਹੋਵੇ (ਜਿਵੇਂ ਤੁਹਾਡੇ ਦਸਤਾਵੇਜ਼ ਜਾਂ ਸਬੂਤ ਦੀ ਫੋਟੋ) ਤਾਂ ਕਿ ਤੁਸੀਂ ਇਹ ਜੱਜ ਅਤੇ ਹੋਰ ਧਿਰਾਂ ਨੂੰ ਈਮੇਲ ਕਰ ਸਕੋ।

9 ਜੇ ਕਿਸੇ ਵੀ ਸਮੇਂ ਤੁਹਾਡਾ ਮੰਨ ਬਦਲਦਾ ਹੈ ਅਤੇ ਤੁਸੀਂ ਵਕੀਲ ਦੁਆਰਾ ਪੇਸ਼ਕਾਰੀ ਕਰਾਉਣਾ ਚਾਹੁੰਦੇ ਹੋ, ਕਿਰਪਾ ਕਰਕੇ ਪ੍ਰਸ਼ਾਸਨਿਕ ਕਾਨੂੰਨ ਜੱਜ ਨੂੰ ਸੂਚਿਤ ਕਰੋ।

10 ਤੁਹਾਡੇ ਵਰਗੇ ਕੇਸਾਂ ਵਿੱਚ OATH ਨਿਰਣੈ ਇੱਥੇ ਸਾਡੀ ਵੈੱਬਸਾਈਟ ਉੱਤੇ ਜਾ ਕੇ OATH ਡੇਟਾਬੇਸ ਵਰਤਦਿਆਂ ਲੱਭੇ ਜਾ ਸਕਦੇ ਹਨhttps://www.nyc.gov/site/oath/trials/search-decisions.page। ਤੁਸੀਂ ਕੀਵਰਡਾਂ ਦੀ ਵਰਤੋਂ ਕਰਦਿਆਂ ਲੱਭ ਸਕਦੇ ਹੋ।